Punjabi | ਪੰਜਾਬੀ

# MCG ਬੱਚਿਆਂ ਦੀਆਂ ਸੁਰੱਖਿਆ ਘਟਨਾ ਰਿਪੋਰਟਾਂ 'ਤੇ ਕਿਵੇਂ ਪ੍ਰਤੀਕਿਰਿਆ ਕਰਦਾ ਹੈ?

**MCG ਜਾਂ ਬਾਹਰਲੇ ਸਥਾਨਾਂ 'ਤੇ ਕਿਸੇ ਬੱਚੇ/ਯੁਵਕ ਪ੍ਰਤੀ ਅਸੁਰੱਖਿਅਤ ਵਿਵਹਾਰ ਬਾਰੇ ਚਿੰਤਾਵਾਂ ਜਾਂ ਅਸੁਰੱਖਿਅਤ ਵਿਵਹਾਰ ਹੁੰਦੇ ਦੇਖਣ ਨਾਲ ਸੰਬੰਧਿਤ ਕਿਸੇ ਵੀ ਰਿਪੋਰਟ ਲਈ।**

**ਜੇਕਰ ਕੋਈ ਬੱਚਾ ਜਾਂ ਯੁਵਕ ਫੌਰੀ ਖ਼ਤਰੇ ਵਿੱਚ ਹੈ, ਤਾਂ MCC ਦੇ ਕਰਮਚਾਰੀ, ਵਾਲੰਟੀਅਰ ਜਾਂ ਠੇਕੇਦਾਰ ਅੱਗੇ ਦੇ ਨੁਕਸਾਨ ਨੂੰ ਰੋਕਣ ਲਈ ਕੋਈ ਤੁਰੰਤ ਅਤੇ ਵਾਜਬ ਕਦਮ ਚੁੱਕਣਗੇ।**

## ਕੌਣ ਰਿਪੋਰਟ ਕਰ ਸਕਦਾ ਹੈ?

ਕੋਈ ਵੀ ਵਿਅਕਤੀ (ਜਿਸ ਵਿੱਚ ਬੱਚਾ ਜਾਂ ਯੁਵਕ ਵੀ ਸ਼ਾਮਲ ਹੈ) ਜੋ ਬੱਚੇ/ਯੁਵਕ ਪ੍ਰਤੀ ਅਸੁਰੱਖਿਅਤ ਵਿਵਹਾਰ ਹੁੰਦਾ ਦੇਖਦਾ ਹੈ ਜਾਂ MCG ਜਾਂ ਬਾਹਰਲੇ ਸਥਾਨਾਂ 'ਤੇ ਕਿਸੇ ਬੱਚੇ/ਯੁਵਕ ਦੀ ਸੁਰੱਖਿਆ ਬਾਰੇ ਚਿੰਤਾ ਰੱਖਦਾ ਹੈ।

## ਉਹ ਕੀ ਰਿਪੋਰਟ ਕਰ ਸਕਦੇ ਹਨ?

ਬੱਚਿਆਂ ਦੀ ਸੁਰੱਖਿਆ ਸੰਬੰਧੀ ਕੋਈ ਵੀ ਚਿੰਤਾਵਾਂ, ਜਿਸ ਵਿੱਚ ਸ਼ਾਮਲ ਹਨ:

- ਅਸੁਰੱਖਿਅਤ ਵਿਵਹਾਰਾਂ ਬਾਰੇ ਖੁਲਾਸਾ ਕਰਨਾ
- ਨੁਕਸਾਨ ਜਾਂ ਦੁਰਵਿਵਹਾਰ
- MCC ਬਾਲ ਸੁਰੱਖਿਆ ਆਚਾਰ ਸੰਹਿਤਾ ਦੀਆਂ ਉਲੰਘਣਾਵਾਂ
- ਵਾਤਾਵਰਣ ਸੁਰੱਖਿਆ ਬਾਰੇ ਮੁੱਦੇ
- ਅਸੁਰੱਖਿਅਤ ਵਿਵਹਾਰਾਂ/ਨੁਕਸਾਨਾਂ ਦੇ ਦੋਸ਼, ਸ਼ੱਕ ਜਾਂ ਨਿਰੀਖਣ

## "ਬੱਚਾ ਜਾਂ ਯੁਵਕ" ਕਿਸਨੂੰ ਮੰਨਿਆ ਜਾਂਦਾ ਹੈ?

ਬੱਚਾ ਜਾਂ ਯੁਵਕ 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਅਕਤੀ ਹੁੰਦਾ ਹੈ।

## ਰਿਪੋਰਟ ਕਿਵੇਂ ਕਰੀਏ?

ਜ਼ੁਬਾਨੀ ਰਿਪੋਰਟ, ਈ-ਮੇਲ: childsafety@mcc.org.au, ਟੈਲੀਫ਼ੋਨ ਕਾਲ ਜਾਂ ਚਿੱਠੀ।

---

## ਅੱਗੇ ਕੀ ਹੋਵੇਗਾ?

ਇੱਕ ਵਾਰ ਕਿਸੇ ਘਟਨਾ/ਸ਼ਿਕਾਇਤ ਦੀ ਸੂਚਨਾ ਮਿਲਣ ਤੋਂ ਬਾਅਦ, MCC ਸਾਰੀਆਂ ਸ਼ਾਮਲ ਧਿਰਾਂ ਨਾਲ ਸੰਪਰਕ ਕਰੇਗਾ, ਜਾਂਚ ਕਰੇਗਾ ਅਤੇ ਨਤੀਜਿਆਂ ਬਾਰੇ ਧਿਰਾਂ ਨੂੰ ਸੂਚਿਤ ਕਰੇਗਾ, ਅਨੁਸ਼ਾਸਨੀ ਕਾਰਵਾਈ ਕਰੇਗਾ, ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਸਮੀਖਿਆ ਅਤੇ ਅਪਡੇਟ ਕਰੇਗਾ।

ਨੁਕਸਾਨ ਅਤੇ ਦੁਰਵਿਵਹਾਰ ਦੀਆਂ ਘਟਨਾਵਾਂ ਬਾਰੇ ਚਰਚਾ ਕਰਨਾ ਦੁਖਦਾਈ ਹੋ ਸਕਦਾ ਹੈ। ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਲਾਈਨ ਮੈਨੇਜਰ ਨਾਲ ਗੱਲ ਕਰੋ ਜਾਂ:

- Lifeline (ਲਾਈਫਲਾਈਨ): 13 11 14
- 1800 Respect: 1800 737 732
- headspace (ਹੈੱਡਸਪੇਸ): 1800 650 890
- Beyond Blue (ਬਿਓਂਡ ਬਲਿਊ): 1300 22 4636
- ਕਿਡਜ਼ ਹੈਲਪ ਲਾਈਨ : 1800 55 1800

MCG POWERED BY MCC

# ਬਾਲ ਸੁਰੱਖਿਆ ਘਟਨਾ ਰਿਪੋਰਟਾਂ ਦਾ ਜਵਾਬ ਕਿਵੇਂ ਦੇਣਾ ਹੈ?

**MCG ਜਾਂ ਬਾਹਰਲੇ ਸਥਾਨਾਂ 'ਤੇ ਕਿਸੇ ਬੱਚੇ/ਯੁਵਕ ਪ੍ਰਤੀ ਅਸੁਰੱਖਿਅਤ ਵਿਵਹਾਰ ਬਾਰੇ ਚਿੰਤਾਵਾਂ ਜਾਂ ਅਸੁਰੱਖਿਅਤ ਵਿਵਹਾਰ ਹੁੰਦੇ ਦੇਖਣ ਨਾਲ ਸੰਬੰਧਿਤ ਕਿਸੇ ਵੀ ਰਿਪੋਰਟ ਲਈ।**

ਕਿਸੇ ਘਟਨਾ ਦੀ ਰਿਪੋਰਟ MCC ਸਟਾਫ਼, ਵਾਲੰਟੀਅਰ ਜਾਂ ਠੇਕੇਦਾਰ ਨੂੰ ਕੀਤੀ ਗਈ ਹੈ

ਕੀ ਇਹ ਰਿਪੋਰਟ ਕਿਸੇ ਸਮਾਗਮ ਵਾਲੇ ਦਿਨ ਜਾਂ ਗ਼ੈਰ-ਸਮਾਗਮ ਵਾਲੇ ਦਿਨ ਕੀਤੀ ਗਈ ਹੈ?

| ਸਮਾਗਮ ਦਾ ਦਿਨ | ਗ਼ੈਰ-ਸਮਾਗਮ ਵਾਲਾ ਦਿਨ |
|---|---|
| **ਕਦਮ 1**<br>ਜੇਕਰ ਕੋਈ ਬੱਚਾ ਜਾਂ ਯੁਵਕ ਖ਼ਤਰੇ ਵਿੱਚ ਹੈ, ਤਾਂ ਹੋਰ ਨੁਕਸਾਨ ਨੂੰ ਰੋਕਣ ਲਈ ਤੁਰੰਤ ਅਤੇ ਵਾਜਬ ਕਦਮ ਚੁੱਕੋ | **ਕਦਮ 1**<br>ਜੇਕਰ ਕੋਈ ਬੱਚਾ ਜਾਂ ਯੁਵਕ ਖ਼ਤਰੇ ਵਿੱਚ ਹੈ, ਤਾਂ ਹੋਰ ਨੁਕਸਾਨ ਨੂੰ ਰੋਕਣ ਲਈ ਤੁਰੰਤ ਅਤੇ ਵਾਜਬ ਕਦਮ ਚੁੱਕੋ |
| **ਕਦਮ 2**<br>ਸਟੇਡੀਅਮ ਸੈਂਟਰ ਮੈਨੇਜਰ (SMC) ਨੂੰ ਰਿਪੋਰਟ ਕਰੋ | **ਕਦਮ 2**<br>ਲਾਈਨ ਮੈਨੇਜਰ ਅਤੇ MCC ਸਕਿਉਰਿਟੀ ਨੂੰ x8881 'ਤੇ ਰਿਪੋਰਟ ਕਰੋ |
| **ਕਦਮ 3**<br>24/7 (MCC ਰਿਪੋਰਟਿੰਗ ਪਲੇਟਫਾਰਮ) ਵਿੱਚ ਰਿਪੋਰਟ ਕਰੋ | **ਕਦਮ 3**<br>ਰੈਪਿਡ (MCC ਰਿਪੋਰਟਿੰਗ ਪਲੇਟਫਾਰਮ) 'ਤੇ ਰਿਪੋਰਟ ਕਰੋ |

## ਕੌਣ ਰਿਪੋਰਟ ਕਰ ਸਕਦਾ ਹੈ?

ਕੋਈ ਵੀ ਵਿਅਕਤੀ (ਜਿਸ ਵਿੱਚ ਬੱਚਾ ਜਾਂ ਯੁਵਕ ਵੀ ਸ਼ਾਮਲ ਹੈ) ਜੋ ਬੱਚੇ/ਯੁਵਕ ਪ੍ਰਤੀ ਅਸੁਰੱਖਿਅਤ ਵਿਵਹਾਰ ਹੁੰਦਾ ਦੇਖਦਾ ਹੈ ਜਾਂ MCG ਜਾਂ ਬਾਹਰਲੇ ਸਥਾਨਾਂ 'ਤੇ ਕਿਸੇ ਬੱਚੇ/ਯੁਵਕ ਦੀ ਸੁਰੱਖਿਆ ਬਾਰੇ ਚਿੰਤਾ ਰੱਖਦਾ ਹੈ।

## ਉਹ ਕੀ ਰਿਪੋਰਟ ਕਰ ਸਕਦੇ ਹਨ?

ਬੱਚਿਆਂ ਦੀ ਸੁਰੱਖਿਆ ਸੰਬੰਧੀ ਕੋਈ ਵੀ ਚਿੰਤਾਵਾਂ, ਜਿਸ ਵਿੱਚ ਸ਼ਾਮਲ ਹਨ:

- ਅਸੁਰੱਖਿਅਤ ਵਿਵਹਾਰਾਂ ਬਾਰੇ ਖੁਲਾਸਾ ਕਰਨਾ
- ਨੁਕਸਾਨ ਜਾਂ ਦੁਰਵਿਵਹਾਰ
- MCC ਬਾਲ ਸੁਰੱਖਿਆ ਆਚਾਰ ਸੰਹਿਤਾ ਦੀਆਂ ਉਲੰਘਣਾਵਾਂ
- ਵਾਤਾਵਰਣ ਸੁਰੱਖਿਆ ਬਾਰੇ ਮੁੱਦੇ
- ਅਸੁਰੱਖਿਅਤ ਵਿਵਹਾਰਾਂ/ਨੁਕਸਾਨਾਂ ਦੇ ਦੋਸ਼, ਸ਼ੱਕ ਜਾਂ ਨਿਰੀਖਣ

ਰਿਪੋਰਟਾਂ ਅਤੇ ਸੂਚਨਾਵਾਂ ਜਿੰਨੀ ਜਲਦੀ ਸੰਭਵ ਹੋ ਸਕੇ ਅਤੇ ਸ਼ਿਫਟ ਦੇ ਖ਼ਤਮ ਹੋਣ ਤੋਂ ਪਹਿਲਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਾਰੀਆਂ ਰਿਪੋਰਟਾਂ ਘਟਨਾ ਵਾਲੇ ਦਿਨ ਹੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਨੁਕਸਾਨ ਅਤੇ ਦੁਰਵਿਵਹਾਰ ਦੀਆਂ ਘਟਨਾਵਾਂ ਬਾਰੇ ਚਰਚਾ ਕਰਨਾ ਦੁਖਦਾਈ ਹੋ ਸਕਦਾ ਹੈ। ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਲਾਈਨ ਮੈਨੇਜਰ ਨਾਲ ਗੱਲ ਕਰੋ ਜਾਂ:

- Lifeline (ਲਾਈਫਲਾਈਨ): 13 11 14
- 1800 Respect: 1800 737 732
- headspace (ਹੈੱਡਸਪੇਸ): 1800 650 890
- Beyond Blue (ਬਿਓਂਡ ਬਲਿਊ): 1300 22 4636
- ਕਿਡਜ਼ ਹੈਲਪ ਲਾਈਨ : 1800 55 1800

MCG POWERED BY MCC